LEGISLATIVE ASSEMBLY
of BRITISH COLUMBIA

# ਮੀਡੀਆ ਰੀਲੀਜ਼

6 ਮਾਰਚ, 2023

## ਵਿੱਤ ਕਮੇਟੀ ਨੇ ਬਜਟ 2024 ਕੰਸਲਟੇਸ਼ਨ ਵੇਰਵਿਆਂ ਦਾ ਐਲਾਨ ਕੀਤਾ

ਵਿਕਟੋਰੀਆ - ਵਿੱਤ ਅਤੇ ਸਰਕਾਰੀ ਸੇਵਾਵਾਂ 'ਤੇ ਸਿਲੈਕਟ ਸਟੈਂਡਿੰਗ ਕਮੇਟੀ, ਵਿਧਾਨ ਸਭਾ ਦੀ ਸੰਸਦੀ ਕਮੇਟੀ, ਨੇ ਇਸ ਸਾਲ ਦੇ ਸੂਬਾਈ ਬਜਟ ਕੰਸਲਟੇਸ਼ਨ ਲਈ ਵੇਰਵਿਆਂ ਦਾ ਐਲਾਨ ਕੀਤਾ ਹੈ।

ਕਮੇਟੀ ਅਗਲੇ ਸੂਬਾਈ ਬਜਟ ਲਈ ਬ੍ਰਿਟਿਸ਼ ਕੋਲੰਬੀਅਨਾਂ ਤੋਂ ਉਨ੍ਹਾਂ ਦੀਆਂ ਪ੍ਰਾਥਮਿਕਤਾਵਾਂ ਬਾਰੇ ਸੁਣਨ ਲਈ ਕਈ ਜਨਤਕ ਮੀਟਿੰਗਾਂ ਕਰੇਗੀ। ਮੀਟਿੰਗਾਂ ਦੇ ਮਈ ਅਤੇ ਜੂਨ ਦੇ ਅਖੀਰ ਵਿੱਚ ਹੋਣ ਦੀ ਉਮੀਦ ਹੈ ਅਤੇ ਇਹ ਇਨ-ਪਰਸਨ ਅਤੇ ਵਰਚੁਅਲ (ਵੀਡੀਓ/ਟੈਲੀਕਾਨਫਰੰਸ) ਮੀਟਿੰਗਾਂ ਦਾ ਮਿਸ਼ਰਣ ਹੋਣਗੀਆਂ। ਕਮੇਟੀ ਹੇਠ ਲਿਖੇ ਭਾਈਚਾਰਿਆਂ ਵਿੱਚ ਮੀਟਿੰਗਾਂ ਕਰਨ ਦੀ ਉਮੀਦ ਕਰਦੀ ਹੈ:

- ਕੈਂਪਬੈਲ ਰਿਵਰ
- ਕਿਟੀਮੈਟ
- ਡੌਸਨ ਕ੍ਰੀਕ
- ਪ੍ਰਿੰਸ ਜੌਰਜ
- ਰੇਵਲਸਟੋਕ
- ਕ੍ਰੈਨਬਰੁੱਕ
- ਪੇਨਟਿਕਟਨ
- ਵੈਨਕੂਵਰ
- ਐਬਟਸਫੋਰਡ
- ਵਿਕਟੋਰੀਆ
- ਰਿਚਮੰਡ

ਬ੍ਰਿਟਿਸ਼ ਕੋਲੰਬੀਆ ਦੇ ਲੋਕਾਂ ਨੂੰ **ਵੀਰਵਾਰ, 30 ਮਾਰਚ** ਤੱਕ **ਦੁਪਹਿਰ 2:00 ਵਜੇ (ਪੈਸੇਫਿਕ)** ਤੱਕ ਕਮੇਟੀ ਦੀ ਵੈੱਬਸਾਈਟ: https://bcleg.ca/FGSbudget 'ਤੇ ਇੱਕ ਬੇਨਤੀ ਫਾਰਮ ਭਰ ਕੇ ਕਮੇਟੀ ਨਾਲ ਗੱਲ ਕਰਨ ਵਿੱਚ ਆਪਣੀ ਦਿਲਚਸਪੀ ਦਰਸਾਉਣ ਲਈ ਕਿਹਾ ਜਾਂਦਾ ਹੈ।

ਕਮੇਟੀ ਨੂੰ ਲਿਖਤੀ ਇਨਪੁੱਟ ਦੇਣ ਦਾ ਮੌਕਾ ਮਈ ਦੇ ਅਖੀਰ ਵਿੱਚ ਸ਼ੁਰੂਆਤ ਕਰਕੇ ਵੀ ਉਪਲਬਧ ਹੋਵੇਗਾ।

ਕੰਸਲਟੇਸ਼ਨ ਬਾਰੇ ਹੋਰ ਜਾਣਕਾਰੀ ਲਈ, https://bcleg.ca/FGSbudget 'ਤੇ ਕਮੇਟੀ ਦੀ ਵੈੱਬਸਾਈਟ 'ਤੇ ਜਾਓ ਜਾਂ ਸੰਸਦੀ ਕਮੇਟੀਆਂ ਦੇ ਦਫ਼ਤਰ ਨਾਲ FinanceCommittee@leg.bc.ca 'ਤੇ ਈਮੇਲ ਰਾਹੀਂ ਜਾਂ 250-356-2933 ਜਾਂ 1-877-428-8337 (BC ਵਿੱਚ ਟੋਲ-ਫ੍ਰੀ) 'ਤੇ ਫ਼ੋਨ ਕਰਕੇ ਸੰਪਰਕ ਕਰੋ।

ਕਮੇਟੀ ਦੇ ਮੈਂਬਰ ਹਨ:
ਮਾਈਕ ਸਟਾਰਚਕ, MLA, ਸਰੀ-ਕਲੋਵਰਡੇਲ (ਚੇਅਰ);
ਟੌਮ ਸ਼ਿਪਿਟਕਾ, MLA, ਕੂਟਨੇ ਈਸਟ (ਡਿਪਟੀ ਚੇਅਰ);
ਬ੍ਰਿਟਨੀ ਐਂਡਰਸਨ, MLA, ਨੈਲਸਨ-ਕ੍ਰੈਸਟਨ;
ਬਰੂਸ ਬੈਨਮੈਨ, MLA, ਐਬਟਸਫੋਰਡ ਸਾਊਥ

ਸੂਜ਼ੀ ਚੈਂਟ, ਵਿਧਾਇਕ, MLA, ਵੈਨਕੂਵਰ-ਸੀਮੌਰ

ਜਾਰਜ ਚਾਉ, MLA, ਵੈਨਕੂਵਰ-ਫ੍ਰੇਜ਼ਰਵਿਊ;

ਰੋਨਾ-ਰੇ ਲਿਓਨਾਰਡ, MLA, ਕਰਟਨੇ-ਕੋਮੌਕਸ;

ਬੇਨ ਸਟੀਵਰਟ, MLA, ਕੇਲੋਨਾ ਵੈਸਟ; ਅਤੇ

ਐਡਮ ਵਾਕਰ, MLA, ਪਾਰਕਸਵਿਲ-ਕੁਆਲਿਕਮ

ਹੋਰ ਜਾਣਕਾਰੀ ਲਈ:

Karan Riarh
Committee Clerk
Room 224
Parliament Buildings Victoria BC
V8V 1X4
FinanceCommittee@leg.bc.ca